# BUDHA DAL PUBLIC SCHOOL PATIALA
## Final Examination (19 March 2026)

**Class - IX**

**Time: 3 hrs.** **Paper - Punjabi (Set - A)** **MM: 80**

**ਆਮ ਨਿਰਦੇਸ਼:**

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚੋਂ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
2. ਬਹੁ-ਵਿਕਲਪੀ ਪ੍ਰਸ਼ਨਾਂ ਦਾ ਉੱਤਰ ਲਿਖਦੇ ਹੋਏ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
3. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਦਰਜ਼ ਕੀਤਾ ਜਾਵੇ।

### ਭਾਗ-ੳ (ਪੜ੍ਹਨ-ਕੌਸ਼ਲ)

**1) ਹੇਠ ਲਿਖੇ ਵਾਰਤਕ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (6×1=6)

ਗੁਰੂ ਨਾਨਕ ਦਾ ਉਪਦੇਸ਼ ਸਰਬ ਸੰਸਾਰ ਲਈ ਸਾਂਝਾ ਅਤੇ ਹਰ ਪ੍ਰਾਣੀ ਮਾਤਰ ਲਈ ਕਲਿਆਣਕਾਰੀ ਹੈ। ਉਹਨਾਂ ਦਾ ਸੁਨੇਹਾ ਹਰ ਇਨਸਾਨ ਤੇ ਸਮੁੱਚੇ ਤੌਰ ਤੇ ਇਨਸਾਨੀ ਸਮਾਜ ਲਈ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਪਹਿਲਾ ਉਪਦੇਸ਼ ਇਨਸਾਨ ਨੂੰ ਆਪਣੀ ਆਤਮਾ ਨੂੰ ਉਜਲ ਕਰਨ ਦਾ ਹੈ ਤੇ ਨਾਮ, ਦਾਨ, ਇਸ਼ਨਾਨ ਇਸ ਦਾ ਸਾਧਨ ਦੱਸਿਆ ਹੈ। ਈਸ਼ਵਰ ਭਗਤੀ, ਈਸ਼ਵਰ ਸਿਮਰਨ, ਮਨ ਦੀ ਮੈਲ ਕੱਟਦੇ ਹਨ ਅਤੇ ਆਤਮਾ ਆਪਣੇ ਸ਼ੁੱਧ ਰੂਪ ਵਿੱਚ ਵਿਦਮਾਨ ਹੁੰਦੀ ਹੈ। ਦੂਸਰਾ ਉਪਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਹੈ ਕਿ ਸੰਸਾਰ ਅਤੇ ਸਮਾਜ ਤੋਂ ਕੱਟ ਕੇ, ਵੱਖਰੇ ਹੋ ਕੇ ਕਿਸੇ ਵਿਅਕਤੀਗਤ ਆਤਮਾ ਦਾ ਵਿਕਾਸ ਅਤੇ ਉੱਨਤੀ ਜਾਂ ਹੋਂਦ ਅਸੰਭਵ ਹੈ, ਕਿਉਂਕਿ ਪ੍ਰੇਮ ਤੇ ਸੇਵਾ ਬਿਨਾਂ ਨਾਮ-ਸਿਮਰਨ ਦੀ ਕਮਾਈ ਸਫ਼ਲ ਨਹੀਂ ਹੁੰਦੀ। ਇਸ ਲਈ ਸ੍ਰੀ ਗੁਰੂ ਨਾਨਕ ਜੀ ਦੀ ਸਿੱਖੀ ਕਿਰਤੀਆਂ ਤੇ ਵੰਡ ਕੇ ਛਕਣ ਵਾਲਿਆਂ ਦੀ ਸਿੱਖੀ ਹੈ। ਤੀਸਰਾ ਉਪਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਹੈ ਕਿ ਇਨਸਾਨ ਖ਼ੁੱਦਗਰਜ਼ੀ ਤੇ ਹਉਮੈ ਦੀ ਜਿੱਲ੍ਹਣ ਵਿਚੋਂ ਨਿਕਲ ਕੇ ਪ੍ਰੇਮ ਤੇ ਸੇਵਾ ਦੇ ਸਾਧਨ ਦੁਆਰਾ ਸਾਂਝੀਵਾਲਤਾ ਦੀ ਟੀਸੀ ਉੱਤੇ ਪੁੱਜੇ ਤਾਂ ਜੋ ਵਿਸ਼ਵ ਜਾਂ ਸਾਰੀ ਇਨਸਾਨੀਅਤ ਦਾ ਕਲਿਆਣ ਹੋਵੇ।

#### ਭਾਗ—I

ਉਪਰੋਕਤ ਪੈਰੇ ਦੇ ਅਧਾਰ 'ਤੇ ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ—

1. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਕਿਨ੍ਹਾਂ ਲਈ ਸੀ?
   (ੳ) ਭਾਰਤੀਆਂ ਲਈ (ਅ) ਸਾਰੇ ਸੰਸਾਰ ਲਈ
   (ੲ) ਘਰਦਿਆਂ ਲਈ (ਸ) ਕਿਸੇ ਲਈ ਨਹੀਂ
2. ਮਨੁੱਖੀ ਆਤਮਾ ਕਿਸ ਦੇ ਸਹਾਰੇ ਉੱਨਤੀ ਕਰ ਸਕਦੀ ਹੈ?
   (ੳ) ਨਾਮ, ਦਾਨ 'ਤੇ ਇਸ਼ਨਾਨ (ਅ) ਸਰੀਰ ਦੇ
   (ੲ) ਪੈਸੇ (ਸ) ਘਰਦਿਆਂ ਦੇ
3. ਈਸ਼ਵਰ ਦੀ ਭਗਤੀ ਕਿਸ ਨੂੰ ਦੂਰ ਕਰਦੀ ਹੈ?
   (ੳ) ਘਰਦਿਆਂ ਨੂੰ (ਅ) ਲੋਕਾਂ ਨੂੰ
   (ੲ) ਪੜ੍ਹਾਈ ਨੂੰ (ਸ) ਮਨ ਦੇ ਮੈਲ਼ ਨੂੰ
4. ਕਿਸ ਤੋਂ ਬਿਨਾਂ ਨਾਮ-ਸਿਮਰਨ ਦੀ ਕਮਾਈ ਸਫ਼ਲ ਨਹੀਂ ਹੁੰਦੀ?
   (ੳ) ਪੈਸੇ ਤੋਂ (ਅ) ਪ੍ਰੇਮ ਅਤੇ ਸੇਵਾ ਬਿਨਾਂ
   (ੲ) ਕਿਸੇ ਤੋਂ ਬਿਨਾਂ ਨਹੀਂ (ਸ) ਉਪਰੋਕਤ ਸਾਰੇ
5. ਸ੍ਰੀ ਗੁਰੂ ਨਾਨਕ ਦੇਵ ਜੀ ਬੰਦੇ ਨੂੰ ਕਿਹੜੀ ਜਿੱਲ੍ਹਣ ਵਿੱਚੋਂ ਨਿਕਲਣ ਲਈ ਕਹਿੰਦੇ ਹਨ?
   (ੳ) ਖ਼ੁਦਗਰਜ਼ੀ 'ਤੇ ਹਉਮੈਂ ਦੀ (ਅ) ਪੈਸੇ ਦੀ
   (ੲ) ਮਿਹਨਤ ਦੀ (ਸ) ਕਿਸੇ ਦੀ ਵੀ ਨਹੀਂ

ਪ੍ਰ6. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ।

ੳ) ਸਾਂਝੀਵਾਲਤਾ ਅ) ਵਿਕਾਸ ਤੇ ਉੱਨਤੀ ੲ) ਗੁਰੂ ਨਾਨਕ ਦਾ ਉਪਦੇਸ਼ ਸ) ਇਨ੍ਹਾਂ ਵਿੱਚੋਂ ਕੋਈ ਨਹੀਂ



Scanned with OKEN Scanner

(1×4=4)

ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।

2) ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।

ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ, ਕੁਝ ਰੁੱਖ ਲਗਦੇ ਮਾਵਾਂ,
ਕੁਝ ਰੁੱਖ ਨੂੰਹਾਂ ਧੀਆਂ ਲਗਦੇ, ਕੁਝ ਰੁੱਖ ਵਾਂਗ ਭਰਾਵਾਂ।
ਕੁਝ ਰੁੱਖ ਮੇਰੇ ਬਾਬੇ ਵਾਂਕਣ, ਪੱਤਰ ਟਾਵਾਂ ਟਾਵਾਂ।

ੳ) ਉਪਰੋਕਤ ਕਾਵਿ-ਟੁਕੜੀ ਵਿੱਚ ਕਿਸ ਬਾਰੇ ਗੱਲ ਕੀਤੀ ਗਈ ਹੈ?
ਅ) ਕਵੀ ਨੇ ਰੁੱਖਾਂ ਨੂੰ ਕਿਸ ਨਾਲ ਜੋੜਿਆ ਹੈ?
ੲ) ਕਵੀ ਨੇ ਬਾਬਾ ਸ਼ਬਦ ਕਿਸ ਲਈ ਵਰਤਿਆ ਹੈ?
ਸ) 'ਵਾਂਕਣ' ਸ਼ਬਦ ਤੋਂ ਕੀ ਭਾਵ ਹੈ?

## ਭਾਗ – ਅ (ਵਿਆਕਰਨ)

**3) ਵਿਰੋਧੀ ਸ਼ਬਦ (ਪੁੱਛੇ ਗਏ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** **(2×1=2)**

ੳ) ਹੇਠ ਲਿਖੇ ਵਿਕਲਪਾਂ ਵਿੱਚੋਂ ਸਹੀ ਵਿਰੋਧੀ ਜੋੜਾ ਚੁਣੋ:
1) ਜਟਾਧਾਰੀ/ਸਾਧੂ 2) ਜਟਾਧਾਰੀ/ਜਾਂਗਲੀ 3) ਜਟਾਧਾਰੀ/ਮੋਨਾ 4) ਜਟਾਧਾਰੀ/ਕੇਸਧਾਰੀ

ਅ) 'ਆਮਦਨ' ਸ਼ਬਦ ਦਾ ਵਿਰੋਧੀ ਸ਼ਬਦ ਕੀ ਹੋਵੇਗਾ?
1) ਪੈਸਾ 2) ਜਾਇਦਾਦ 3) ਖ਼ਰਚ 4) ਰੁਪਿਆ

ੲ) 'ਦਾਤਾ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ:
1) ਦਾਨੀ 2) ਪਰਮਾਤਮਾ 3) ਮੰਗਤਾ 4) ਪਰਉਪਕਾਰੀ

**4) ਲਿੰਗ ਬਦਲੋ (ਪੁੱਛੇ ਗਏ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** **(2×1=2)**

ੳ) ਪੰਜਾਬੀ ਵਿੱਚ ਲਿੰਗ ਦੀਆਂ ਕਿੰਨੀਆਂ ਕਿਸਮਾਂ ਹਨ?
1) ਚਾਰ 2) ਦੋ 3) ਪੰਜ 4) ਤਿੰਨ

ਅ) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜੇ ਸ਼ਬਦ ਦਾ ਵਿਰੋਧੀ ਲਿੰਗ ਨਹੀਂ ਹੁੰਦਾ?
1) ਸ਼ੀਸ਼ਾ 2) ਬਾਟਾ 3) ਹਾਲੀ 4) ਹਾਣੀ

ੲ) 'ਮਰਾਸੀ' ਸ਼ਬਦ ਦਾ ਇਸਤਰੀ ਲਿੰਗ ਚੁਣੋ:
1) ਮਰਾਸੀਣ 2) ਮਰਾਸਣ 3) ਮਰਾਸੀਆ 4) ਮਰਾਸਇਣ

**5) ਵਿਸਮਿਕ (ਪੁੱਛੇ ਗਏ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** **(2×1=2)**

ੳ) 'ਖਬਰਦਾਰ' ਸ਼ਬਦ ਕਿਹੜਾ ਵਿਸਮਿਕ ਹੈ?
1) ਸ਼ੋਕ-ਵਾਚਕ 2) ਸੂਚਨਾ-ਵਾਚਕ 3) ਇੱਛਾ-ਵਾਚਕ 4) ਅਸੀਸ-ਵਾਚਕ

ਅ) ਜਿਹੜੇ ਸ਼ਬਦ ਮਨ ਦੀ ਖ਼ੁਸ਼ੀ, ਗਮੀ, ਹੈਰਾਨੀ, ਡਰ ਆਦਿ ਦੇ ਭਾਵ ਪ੍ਰਗਟ ਕਰਨ, ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?
1) ਨਾਂਵ 2) ਸੰਬੰਧਕ 3) ਵਿਸਮਿਕ 4) ਪੜਨਾਂਵ

ਅ) 'ਦੁਰ ਫਿੱਟੇ ਮੂੰਹ!' 'ਲੱਖ ਲਾਹਨਤ!' 'ਬੇਸ਼ਰਮ'! ਸ਼ਬਦ ਕਿਸ ਪ੍ਰਕਾਰ ਦੇ ਵਿਸਮਿਕ ਹਨ?
1) ਫਿਟਕਾਰ-ਵਾਚਕ 2) ਪ੍ਰਸੰਸਾ-ਵਾਚਕ 3) ਸਤਿਕਾਰ-ਵਾਚਕ 4) ਇੱਛਾ-ਵਾਚਕ

**6) ਸ਼ਬਦ ਸ਼ੁੱਧੀ (ਕੋਈ ਚਾਰ ਕਰੋ):** **(4+½=2)**

ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:
ੳ) ਵੇਹਲਾ ਅ) ਸ਼ੈਹਰ ੲ) ਏਨਕ ਸ) ਲੋਬ ਹ) ਐਹਮ

**7) ਕਿਰਿਆ (ਪੁੱਛੇ ਗਏ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** **(2×1=2)**

ੳ) ਕਿਰਿਆ ਦੀ ਪਰਿਭਾਸ਼ਾ ਲਿਖੋ।
ਅ) ਮੁੰਡਾ ਨਾਵਲ ਪੜ੍ਹਦਾ ਹੈ। ਇਹ ਕਿਹੜੀ ਕਿਰਿਆ ਹੈ?
ੲ) ਅਕਰਮਕ ਕਿਰਿਆ ਦੀ ਇੱਕ ਉਦਾਹਰਨ ਲਿਖੋ।

Scanned with OKEN Scanner

8) ਹੇਠ ਲਿਖਿਆਂ ਵਿੱਚੋਂ ਕਿਸੇ ਦੋ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ: (2×1=2)

ਉੱਲੂ ਸਿੱਧਾ ਕਰਨਾ, ਅੱਖਾਂ ਮੀਟ ਜਾਣਾ, ਸਾਹ ਸੁੱਕਣਾ

**ਭਾਗ-ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)**

9) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ 'ਇੱਕ' ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ: (8)

**ਗਲੋਬਲ ਵਾਰਮਿੰਗ (ਵਿਸ਼ਵ ਤਾਪੀਕਰਨ)**

ਨੁਕਤੇ - ਭੂਮਿਕਾ, ਗਬੋਲਬ ਵਾਰਮਿੰਗ ਦੇ ਕਾਰਨ, ਜੰਗਲਾਂ ਦੀ ਅੰਨ੍ਹੇਵਾਹ ਕਟਾਈ, ਬਲਣਸ਼ੀਲ ਪਦਾਰਥ, ਗਲੋਬਲ ਵਾਰਮਿੰਗ ਦੇ ਪ੍ਰਭਾਵ, ਗਲੋਬਲ ਵਾਰਮਿੰਗ ਨੂੰ ਘੱਟ ਕਰਨ ਦੇ ਤਰੀਕੇ।

**ਜਾਂ**

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ**

ਨੁਕਤੇ - ਤੁਕ ਤੋ ਭਾਵ, ਦਿਖਾਵਾ ਰਹਿਤ ਨਿਮਰਤਾ, ਸਖਤ ਘਾਲਣਾ ਦੀ ਲੋੜ, ਦੋਵੇਂ ਗੁਣ ਜੀਵ ਲਈ ਲਾਭਕਾਰੀ, ਇਤਿਹਾਸ ਤੇ ਮਿਥਿਹਾਸ, ਕੌੜੇ ਬੋਲ ਤੇ ਖਾਲੀ ਢੋਲ, ਨਿਮਰ ਵਿਅਕਤੀ ਪਰਉਪਕਾਰੀ ਹੁੰਦੇ ਹਨ, ਸਾਰੰਸ਼।

**ਜਾਂ**

**ਦਿਨੋ-ਦਿਨ ਗੰਭੀਰ ਹੁੰਦੀ ਜਾ ਰਹੀ ਆਵਾਜਾਈ ਦੀ ਸਮੱਸਿਆ**

ਨੁਕਤੇ - ਆਵਾਜਾਈ ਦੇ ਖੇਤਰ ਵਿੱਚ ਵਿਕਾਸ, ਆਵਾਜਾਈ ਦੀ ਸਮੱਸਿਆ, ਟ੍ਰੈਫਿਕ ਕੰਟਰੋਲ ਬੇਅਸਰ, ਆਵਾਜਾਈ ਦੀ ਸਮੱਸਿਆ ਦੇ ਕਾਰਨ, ਅਨੁਸ਼ਾਸਨ ਦੇ ਨਿਯਮਾਂ ਦੀ ਉਲੰਘਣਾ, ਸਮੱਸਿਆ ਦਾ ਹੱਲ ਤੇ ਸਾਰੰਸ਼।

10) ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ। (1×6=6)

ਤੁਸੀਂ ਕੋਈ ਵਿਆਹ ਦੇਖਿਆ ਹੈ। ਆਪਣੇ ਮਿੱਤਰ ਨੂੰ ਇੱਕ ਚਿੱਠੀ ਵਿੱਚ ਉਸ ਦਾ ਹਾਲ ਲਿਖਦੇ ਹੋਏ ਦੱਸੋ ਕਿ ਤੁਹਾਨੂੰ ਕਿਹੜੀਆਂ ਰਸਮਾਂ ਚੰਗੀਆਂ ਲੱਗੀਆਂ ਹਨ ਤੇ ਕਿਹੜੀਆਂ ਪਸੰਦ ਨਹੀਂ ਆਈਆਂ।

ਨੁਕਤੇ: ਸੁਚੱਜਾ ਪ੍ਰਬੰਧ, ਬਰਾਤ ਦਾ ਸਮੇਂ ਤੇ ਢੁਕਵਾ ਸਵਾਗਤ, ਵਧੀਆ ਖਾਣ-ਪੀਣ, ਮਿਲਣੀਆਂ ਤੇ ਫਜ਼ੂਲ ਖ਼ਰਚੀ, ਨੱਚਦਿਆਂ ਤੇ ਪੈਸੇ ਸੁੱਟਣਾ ਆਦਿ।

**ਜਾਂ**


ਆਪਣੇ ਇਲਾਕੇ ਦੇ ਲੋਕਾਂ ਦੀ ਸਿਹਤ ਜਾਂਚ ਕਰਨ ਲਈ ਹਰ ਮਹੀਨੇ ਇੱਕ ਕੈਂਪ ਲਾਉਣ ਲਈ ਡਾਇਰੈਕਟਰ ਸਿਹਤ ਵਿਭਾਗ ਨੂੰ ਇੱਕ ਬੇਨਤੀ ਪੱਤਰ ਲਿਖੋ।

ਨੁਕਤੇ: ਇਲਾਕੇ ਵਿੱਚ ਕੋਈ ਹਸਪਤਾਲ ਜਾਂ ਡਿਸਪੈਂਸਰੀ ਦਾ ਨਾ ਹੋਣਾ, ਗੰਦਗੀ, ਬਿਮਾਰੀਆਂ ਫੈਲਣ ਦਾ ਡਰ, ਨੀਮ ਹਕੀਮ ਕੋਲ ਜਾਣਾ, ਸਿਹਤ ਜਾਂਚ ਕੈਂਪ ਲਗਾਉਣ ਦੀ ਬੇਨਤੀ ਕਰਨਾ, ਮੰਤਰੀ ਸਾਹਿਬ ਵੱਲੋਂ ਕੈਂਪ ਦੀ ਮਨਜ਼ੂਰੀ ਦਾ ਐਲਾਨ।



Scanned with OKEN Scanner

11) ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ। (4)



## ਭਾਗ-ਸ (ਪਾਠ ਪੁਸਤਕਾਂ ਤੇ ਅਧਾਰਤ)

**12) ਕਹਾਣੀ ਅਤੇ ਵਾਰਤਕ ਵਿੱਚੋਂ (ਪੁੱਛੇ ਗਏ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):** (5×1=5)

ੳ) ਜੋਤੀ ਵੱਲੋਂ ਮੰਤਰੀ ਨੂੰ ਹਾਰ ਪਾਉਣ ਵਾਲਾ ਸਮਾਗਮ ਕਿਹੜੇ ਦਿਨ ਸੀ?

1) ਬੁੱਧਵਾਰ ਨੂੰ 2) ਮੰਗਲਵਾਰ ਨੂੰ 3) ਐਤਵਾਰ ਨੂੰ 4) ਵੀਰਵਾਰ ਨੂੰ

ਅ) ਮੁੜ ਵੇਖਿਆ ਪਿੰਡ ਲੇਖ ਕਿਸ ਸਫ਼ਰਨਾਮੇ ਦਾ ਅੰਸ਼ ਹੈ?

1) ਮੇਰਾ ਰੂਸੀ ਸਫ਼ਰਨਾਮਾ 2) ਮੇਰਾ ਪਾਕਿਸਤਾਨੀ ਸਫ਼ਰਨਾਮਾ 3) ਮੇਰੀ ਯੂਰਪ ਕਥਾ 4) ਕੋਈ ਵੀ ਨਹੀਂ

ੲ) ਕਪੂਰ ਸਿੰਘ ਦੀ ਮਕਾਨ ਦੀ ਖੱਬੀ ਬਾਹੀ ਦੀ ਸਾਂਝੀ ਕੰਧ ਦਾ ਕਿਸ ਨਾਲ ਝਗੜਾ ਸੀ?

1) ਰਤਨ ਪਟਵਾਰੀ ਨਾਲ 2) ਦਰਬਾਰੇ ਨਾਲ 3) ਟੁੰਡਾ ਲੰਬੜਦਾਰ ਨਾਲ 4) ਰਾਮ ਸਿੰਘ ਨਾਲ

ਸ) ਘਰ ਵਿੱਚ ਤੰਗੀ ਹੋਣ ਕਾਰਨ ਲੇਖਕ ਨੂੰ ਕਿੱਥੇ ਤੋਰ ਦਿੱਤਾ ਗਿਆ?

1) ਹੋਰ ਪਿੰਡ 2) ਦਾਦਕੇ 3) ਨਾਨਕੇ 4) ਦੂਜੇ ਸ਼ਹਿਰ

ਹ) ਬੱਸ ਕੰਡਕਟਰ ਜੀਤ ਦੀ ਭੈਣ ਕਿੱਥੇ ਡਾਕਟਰੀ ਪੜ੍ਹਦੀ ਸੀ?

1) ਸਿਆਲਕੋਟ 2) ਗੁਜਰਾਂਵਾਲੇ 3) ਲਾਹੌਰ 4) ਕਰਾਚੀ

ਕ) 'ਖੁਸ਼ੀਆਂ ਆਪੇ ਨਹੀਂ ਆਉਂਦੀਆਂ' ਲੇਖ ਦਾ ਲੇਖਕ ਕੌਣ ਹੈ?

1) ਡਾ.ਟੀ.ਆਰ. ਸ਼ਰਮਾ 2) ਸੂਬਾ ਸਿੰਘ 3) ਵਿਧਾਤਾ ਸਿੰਘ ਤੀਰ 4) ਕੇਵਲ ਕ੍ਰਿਸ਼ਨ

**13) ਕਵਿਤਾ ਅਤੇ ਇਕਾਂਗੀ ਵਿੱਚੋਂ (ਪੁੱਛੇ ਗਏ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):** (5×1=5)

ੳ) ਮਦਨ ਲਾਲ ਰਾਮ ਪਿਆਰੀ ਦਾ ਕੀ ਲੱਗਦਾ ਸੀ?

1) ਪੁੱਤਰ 2) ਭਤੀਜਾ 3) ਜੀਜਾ 4) ਭਾਣਜਾ

ਅ) ਘੋੜੀਆਂ ਤੋਂ ਕੀ ਭਾਵ ਹੈ?

1) ਕੁੜੀ ਦੇ ਵਿਆਹ ਤੇ ਗਾਏ ਜਾਣ ਵਾਲੇ ਗੀਤ 2) ਤੀਆਂ ਵਿੱਚ ਗਾਏ ਜਾਣ ਵਾਲੇ ਗੀਤ

3) ਮੁੰਡੇ ਦੇ ਵਿਆਹ ਤੇ ਗਾਏ ਜਾਣ ਗੀਤ 4) ਇਨ੍ਹਾਂ ਵਿੱਚੋਂ ਕੋਈ ਨਹੀਂ

ੲ) ਇਕਾਂਗੀ ਵਿੱਚ ਸਿਰਜਨਾ ਕਿਸ ਗੱਲ ਦਾ ਵਿਰੋਧ ਕਰਦੀ ਹੈ?

1) ਦਾਜ ਦਾ 2) ਗਰਭਪਾਤ ਦਾ 3) ਹਸਪਤਾਲ ਜਾਣ ਦਾ 4) ਕੋਈ ਵੀ ਨਹੀਂ

ਸ) ਰਿਸ਼ੀਆਂ ਦੇ ਚੌਂਕੇ ਵਿੱਚ ਕਿਹੜੀ ਜੂਠ ਪੈ ਗਈ ਹੈ?

1) ਪੂਰਬ ਦੀ 2) ਪੱਛਮ ਦੀ 3) ਦੱਖਣ ਦੀ 4) ਕੋਈ ਵੀ ਨਹੀਂ

Scanned with OKEN Scanner

ਹ) ਹਰੀ ਚੰਦ ਦੀ ਉਮਰ ਕਿੰਨੀ ਹੈ?

1) ਪੰਜਾਹ ਸਾਲ 2) ਸੱਤਰ ਸਾਲ 3) ਚਾਲੀ ਸਾਲ 4) ਸੱਠ ਸਾਲ

ਕ) ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀ ਕੌਣ ਸਨ?

1) ਧਨੀ ਰਾਮ ਚਾਤ੍ਰਿਕ 2) ਭਾਈ ਵੀਰ ਸਿੰਘ 3) ਦਲੀਪ ਕੌਰ 4) ਇਨ੍ਹਾਂ ਵਿੱਚੋਂ ਕੋਈ ਨਹੀਂ

**14) ਕਹਾਣੀ ਅਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ): (4×1=4)**

ੳ) ਕਪੂਰ ਸਿੰਘ ਨੇ ਦਰਬਾਰੇ ਦੀ ਜੇਬ ਵਿੱਚ ਕਿੰਨੇ ਰੁਪਏ ਪਾਏ?

ਅ) ਭਖ ਰਹਿਣ ਦਾ ਵਹਿਮ ਤਾਏ ਨੂੰ ਕਿੰਨੇ ਸਾਲ ਰਿਹਾ?

ੲ) ਲੇਡੀ ਡਾਕਟਰ ਪਾਲੀ ਦੀ ਬਦਲੀ ਕਿੱਥੋਂ ਤੋਂ ਕਿੱਥੇ ਦੀ ਹੋ ਗਈ ਸੀ?

ਸ) ਲੇਖਕ ਦੇ ਮਾਮਿਆਂ ਕੋਲ ਵਾਹੀ ਲਈ ਕਿੰਨੀ ਜ਼ਮੀਨ ਸੀ?

ਹ) ਰੇਲਵੇ ਸਟੇਸ਼ਨ ਤੋਂ ਉਤਰ ਕੇ ਜਦੋਂ ਭੇਰੇ ਆਓ ਤਾਂ ਕਿਨ੍ਹਾਂ ਦਾ ਮੁਹੱਲਾ ਸਭ ਤੋਂ ਪਹਿਲਾਂ ਆਉਂਦਾ ਸੀ?

**(7×2=14)**

**15) ਕਹਾਣੀ ਵਾਰਤਕ ਅਤੇ ਇਕਾਂਗੀ ਵਿੱਚੋਂ**
**(ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ):**

ੳ) ਸਕੂਲ ਦੇ ਪ੍ਰਿੰਸੀਪਲ ਨੇ ਜੁਗਲ ਪ੍ਰਸ਼ਾਦ ਨੂੰ ਵਧਾਈ ਕਿਉਂ ਦਿੱਤੀ?

ਅ) ਬੱਸ ਅੱਡੇ ਦਾ ਪ੍ਰਬੰਧਕ ਤੇ ਥਾਣੇ ਦਾ ਇੰਸਪੈਕਟਰ ਲੇਖਕ ਨਾਲ ਕਿਵੇਂ ਪੇਸ਼ ਆਏ?

ੲ) ਬੀਜੀ ਸਿਰਜਨਾ ਦੀ ਸਕੈਨਿੰਗ ਕਿਉਂ ਕਰਵਾਉਣਾ ਚਾਹੁੰਦੀ ਹੈ?

ਸ) ਪਤੀ-ਪਤਨੀ ਘਰ ਦਾ ਮਾਹੌਲ ਕਿਵੇਂ ਠੀਕ ਕਰ ਸਕਦੇ ਹਨ?

ਹ) ਸਰਪੰਚ ਦੇ ਖੰਘੂਰੇ ਦਾ ਦਰਬਾਰੇ ਉੱਤੇ ਕੀ ਅਸਰ ਹੋਇਆ?

ਕ) ਮਦਨ ਲਾਲ ਆਪਣੀ ਮਾਸੀ ਦੇ ਘਰ ਕਿਉਂ ਆਉਂਦਾ ਹੈ?

ਖ) ਬੱਸ ਵਿੱਚ ਟਿਕਟ-ਚੈੱਕਰ ਦੇ ਚੜ੍ਹ ਜਾਣ ਨਾਲ ਪਾਲੀ ਕਿਉਂ ਡਰ ਰਹੀ ਸੀ?

ਗ) ਵਹਿਮੀਆਂ ਨਾਲ ਮੁਕਾਬਲਾ ਕਿਉਂ ਨਹੀਂ ਕੀਤਾ ਜਾ ਸਕਦਾ?

**16) ਕਵਿਤਾ ਅਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ) (2×4=8)**

ੳ) 'ਸਮਾਂ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

ਨਵੀਂ ਤੇ ਪੁਰਾਣੀ ਤਹਿਜ਼ੀਬ ਵਿੱਚ ਕੀ ਫ਼ਰਕ ਹੈ? ਇਸ ਬਾਰੇ ਆਪਣੇ ਵਿਚਾਰ ਲਿਖੋ।

ਅ) ਹੋਰ ਹਰ ਬਿਮਾਰੀ ਦਾ ਇਲਾਜ ਹੈ ਪਰ ਵਹਿਮ ਕੌਣ ਹਟਾਏ? ਇਸ ਕਥਨ ਦੇ ਪੱਖ ਜਾਂ ਵਿਰੋਧ ਵਿੱਚ ਦਲੀਲਾਂ ਦਿਓ।

**ਜਾਂ**

ਲੇਖਕ ਦੇ ਘਰ ਲਿਪਾ ਪੋਚੀ ਅਤੇ ਸਜਾਵਟ ਦਾ ਕੰਮ ਕਦੋਂ ਤੇ ਕਿਵੇਂ ਕੀਤਾ ਜਾਂਦਾ ਸੀ?

**(1×4=4**

**17) ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ)**

ੳ) 'ਮੋਨਧਾਰੀ' ਦਾ ਪਾਤਰ ਚਿਤਰਨ ਕਰੋ।

**ਜਾਂ**

ਸਿਰਜਨਾ ਵਰਗੀਆਂ ਔਰਤਾਂ ਸਾਡੇ ਸਮਾਜ ਨੂੰ ਕਿਵੇਂ ਬਦਲ ਸਕਦੀਆਂ ਹਨ?

A

Scanned with OKEN Scanner